# ਜਿੰਦਰ ਦੀ ਕਹਾਣੀ 'ਕਤਲ' : ਇਕ ਅਧਿਐਨ

ਡਾ. ਰਵਿੰਦਰ ਸਿੰਘ

ਪੰਜਾਬੀ ਦੇ ਇਕ ਸਥਾਪਿਤ ਕਹਾਣੀਕਾਰ 'ਜਿੰਦਰ' ਦੀ ਕਹਾਣੀ 'ਕਤਲ' ਪ੍ਰੇਮ ਪ੍ਰਕਾਸ਼ ਦੇ ਕਹਾਣੀ ਸੰਗ੍ਰਹਿ 'ਮੁਹੱਬਤਾਂ' ਵਿਚ ਸ਼ਾਮਲ ਹੈ। ਇਹ ਕਹਾਣੀ ਪੰਜਾਬੀ ਵਿਚ ਲਿਖੀ ਜਾਂਦੀ ਪਰੰਪਰਕ ਕਹਾਣੀ ਤੋਂ ਬਿਲਕੁਲ ਵੱਖਰੀ ਕਿਸਮ ਦੀ ਹੈ। ਭਾਰਤੀ ਸਮਾਜ ਦੇ ਪਰਿਵਾਰਕ ਰਿਸ਼ਤਿਆਂ ਨੂੰ ਮਨੋਵਿਗਿਆਨ ਦੇ ਨਵੇਂ ਆਯਾਮ ਨਾਲ ਫਰੋਲਦੀ ਇਹ ਕਹਾਣੀ ਬਹੁਤ ਡੂੰਘੇ ਅਧਿਐਨ ਦੀ ਮੰਗ ਕਰਦੀ ਹੈ। ਮਾਂ, ਬਾਪ ਅਤੇ ਬੇਟੇ ਵਰਗੇ ਨਿਕਟ-ਭਾਵੀ ਰਿਸ਼ਤਿਆਂ ਦੀ ਬੁਨਿਆਦ ਵਿਚ ਕੰਮ ਕਰਦੀਆਂ ਬਾਰੀਕ ਸੰਵੇਦਨਸ਼ੀਲਤਾਂ ਨੂੰ ਇਸ ਕਹਾਣੀ ਵਿਚ ਬੜੀ ਸੰਜੀਦਗੀ ਨਾਲ ਪੇਸ਼ ਕੀਤਾ ਗਿਆ ਹੈ।

ਜਿੰਦਰ ਦੀ ਇਹ ਕਹਾਣੀ ਇਕ ਪਾਤਰ ਦੇ ਪਿਤਾ ਦੀ ਮੌਤ ਵੇਲੇ ਦੇ ਸਮੇਂ ਦੁਆਲੇ ਪਸਰੀ ਹੋਈ ਹੈ। ਪਿਤਾ ਮਰਣ ਕੰਢੇ ਪਿਆ ਹੈ ਤੇ ਕਹਾਣੀ ਦਾ ਮੁੱਖ ਪਾਤਰ ਉਸਦੇ ਕੋਲ ਬੈਠਾ ਉਸਦੀ ਮੌਤ ਦੀ ਉਡੀਕ ਕਰ ਰਿਹਾ ਹੈ ਤੇ ਇਸੇ ਸਮੇਂ ਵਿਚ ਉਹ ਆਪਣੇ ਅਤੀਤ ਅਤੇ ਵਰਤਮਾਨ ਵਿਚ ਝਾਤ ਮਾਰ ਰਿਹਾ ਹੈ। ਕਹਾਣੀ ਦੀ ਸ਼ੁਰੂਆਤ ਵਿਚ ਇਸ ਪਾਤਰ 'ਵਿਜੈ' ਦਾ ਬਾਪੂ ਬਿਲਕੁਲ ਮਰਣ ਕੰਢੇ ਬਿਸਤਰ ਵਿਚ ਲਾਚਾਰ ਅਤੇ ਨੀਮ ਬੇਹੋਸ਼ੀ ਦੀ ਹਾਲਤ ਵਿਚ ਪਿਆ ਹੈ। ਵਿਜੈ ਦੀ ਮਾਂ ਜਿਸਨੂੰ ਉਹ 'ਬੀਬੀ' ਆਖਦਾ ਹੈ, ਬਾਪੂ ਦੀ ਸੇਵਾ ਤਾਂ ਕਰ ਰਹੀ ਹੈ ਪਰ ਉਸ ਦੇ ਹਾਵ ਭਾਵ ਤੋਂ ਜਾਪਦਾ ਹੈ ਕਿ ਜਿਵੇਂ ਉਹ ਸਿਰਫ ਓਪਰੇ ਜਿਹੇ ਫਰਜ਼ ਹੀ ਨਿਭਾ ਰਹੀ ਹੈ। ਬੀਬੀ ਦੀ ਕਹੀ ਇਕ ਗੱਲ ਤੋਂ ਇਨ੍ਹਾਂ ਪਾਤਰਾਂ ਦੇ ਆਪਸੀ ਰਿਸ਼ਤੇ ਬਾਰੇ ਇਕ ਤਰ੍ਹਾਂ ਦਾ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਇਨ੍ਹਾਂ ਦੇ ਜੀਵਨ ਵਿਚ ਐਸਾ ਕੀ ਹੋਇਆ ਹੋਵੇਗਾ ਕਿ ਬੀਬੀ ਨੂੰ ਕਹਿਣਾ ਪੈ ਰਿਹਾ ਹੈ ਕਿ:

"ਤੂੰ ਅਵਾਜ਼ ਦੇ ਮਗਰ ਮਗਰ ਪਾਠ ਕਰੀ ਜਾ। ਸ਼ਾਇਦ ਅਗਲੇ ਜਨਮ ਵਿਚ ਤੇਰਾ ਭਲਾ ਹੋ ਜਾਵੇ।"

ਬੀਬੀ ਦੇ ਨਾਲ ਨਾਲ ਵਿਜੈ ਦਾ ਰਵੱਈਆ ਵੀ ਕੁਝ ਅਜਨਬੀ ਜਿਹਾ ਨਜ਼ਰ ਆਉਂਦਾ ਹੈ। ਆਪਣੇ ਪਿਤਾ ਦੀ ਮ੍ਰਿਤੂ ਵੇਲੇ ਉਸਨੂੰ ਵੇਖਦਾ ਹੋਇਆ ਉਸ ਵਿਚ ਕੋਈ ਦੁੱਖ ਜਾਂ ਅਫਸੋਸ ਵਾਲਾ ਭਾਵ ਨਜ਼ਰ ਨਹੀਂ ਆ ਰਿਹਾ। ਇਹ ਸਭ ਕੁਝ ਦੇਖਕੇ ਵੀ ਉਹ ਸੰਜੀਦਾ ਨਹੀਂ ਹੋ ਪਾ ਰਿਹਾ। ਹੋਰ ਤਾਂ ਹੋਰ ਉਸਨੂੰ ਆਪਣੀ ਬੀਬੀ ਵਲੋਂ ਕਹੇ ਗਏ ਉਪਰੋਕਤ ਵਾਕਾਂ ਉੱਪਰ ਹਾਸਾ ਵੀ ਆ ਰਿਹਾ ਜਾਪਦਾ ਹੈ। ਇਸ ਤਰ੍ਹਾਂ ਦੋਹਾਂ ਦੇ ਹਾਵ ਭਾਵ ਤੋਂ ਇਨ੍ਹਾਂ ਦੇ ਆਪਸੀ ਰਿਸ਼ਤਿਆਂ ਵਿਚਕਾਰ ਸੰਵੇਦਨਸ਼ੀਲਤਾ ਦੀ ਘਾਟ ਮਹਿਸੂਸ ਹੁੰਦੀ ਹੈ। ਅਗੋਂ ਕਹਾਣੀ ਇਨ੍ਹਾਂ ਕਾਰਣਾਂ ਦੀ ਮਨੋਵਿਗਿਆਨਕ ਡੂੰਘਾਈ ਵਿਚ ਜਾਂਦੀ ਪ੍ਰਤੀਤ ਹੁੰਦੀ ਹੈ। ਵਿਜੈ ਵੀ ਸ਼ਾਇਦ ਆਪਣੇ ਰਿਸ਼ਤਿਆਂ ਬਾਰੇ ਇਸੇ ਸੋਚ ਵਿਚ ਡੁੱਬਿਆ ਅਤੀਤ ਵਿਚ ਚਲਿਆ ਜਾਂਦਾ ਹੈ ਜਿਥੋਂ ਕਹਾਣੀ ਉਸਦੇ ਪਿਤਾ ਨਾਲ ਸੰਬੰਧਾਂ ਦੀ ਘੋਖ ਕਰਦੀ ਨਜ਼ਰ ਆਉਂਦੀ ਹੈ। ਉਸਨੂੰ ਆਪਣਾ ਬਾਪੂ ਹਮੇਸ਼ਾਂ 'ਮਨਮਤਾ' ਲਗਦਾ ਸੀ।

ਜਿਹੜਾ ਕਿ ਹਮੇਸ਼ਾ ਆਪਣੀ ਜ਼ਿੱਦ ਪੁਗਾਉਂਦਾ ਸੀ, ਆਪਣੀ ਹੀ ਚਲਾਉਂਦਾ ਸੀ ਜਦੋਂ ਤਕ ਕਿ ਉਹ ਬਿਲਕੁਲ ਬੇਵੱਸ ਹੋਕੇ ਮੰਜੇ ਨਹੀਂ ਪੈ ਗਿਆ। ਇਸ ਉਸਦੇ ਜੀਵਨ ਨੇ ਮੁਢਲੇ ਵਰ੍ਹਿਆਂ ਦੀ ਗਲ ਜਾਪਦੀ ਹੈ ਜਦ ਉਸਦੇ ਮਨ ਅੰਦਰ ਬਾਪੂ ਬਾਰੇ ਕੋਈ ਬਿੰਬ ਬਣ ਰਿਹਾ ਸੀ। ਉਸ ਵੇਲੇ ਸ਼ਾਇਦ ਉਸਨੇ ਬਾਪੂ ਨੂੰ ਪੂਰੀ ਤਰ੍ਹਾਂ ਨਹੀਂ ਜਾਣਿਆ ਸੀ ਜਾਂ ਫਿਰ ਉਸਦਾ ਬਾਪੂ ਆਪਣੇ ਪਰਿਵਾਰ ਨਾਲੋਂ ਬਹੁਤਾ ਬੇਪਰਵਾਹ ਨਹੀਂ ਹੋਇਆ ਸੀ। ਪਰ ਉਹ ਇਹ ਸਭ ਸੋਚਦਾ ਹੋਇਆ ਮੁੜ ਅਤੀਤ ਵਿਚ ਆ ਜਾਂਦਾ ਹੈ ਤੇ ਬਾਪੂ ਨੂੰ ਬੇਜਾਨ ਮੰਜੇ ਉੱਪਰ ਪਿਆ ਵੇਖਦਾ ਹੈ। ਇਸਦੇ ਨਾਲ ਹੀ ਉਸਨੂੰ ਹੋਲੀ ਹੋਲੀ ਬਾਪੂ ਕੋਲੋਂ ਡਰ ਲੱਗਣ ਅਤੇ ਨਫਰਤ ਹੋਣ ਦਾ ਅਹਿਸਾਸ ਵੀ ਯਾਦ ਆਉਣਾ ਸ਼ੁਰੂ ਹੋ ਜਾਂਦਾ ਹੈ। ਉਹ ਫਿਰ ਤੋਂ ਅਤੀਤ ਵਿਚ ਜਾਕੇ ਇਸ ਡਰ ਅਤੇ ਨਫਰਤ ਦੇ ਰਿਸ਼ਤੇ ਦੀ ਤਲਾਸ਼ ਕਰਨ ਲਗਦਾ ਹੈ। ਇਸ ਡਰ ਅਤੇ ਨਫਰਤ ਦੇ ਕਾਰਣ ਉਸਦੇ ਬਹੁਤ ਨਿਜੀ ਅਨੁਭਵਾਂ ਵਿਚੋਂ ਉਪਜੇ ਸਨ। ਬਾਪੂ ਦਾ ਆਪਣੇ ਪਰਿਵਾਰ ਨਾਲ ਮੋਹ ਦਾ ਰਿਸ਼ਤਾ ਬਿਲਕੁਲ ਨਹੀਂ ਸੀ। ਬੱਚਿਆਂ ਨਾਲ ਦੂਰੀ ਬਣਾਕੇ ਰਹਿਣਾ ਅਤੇ ਆਪਣੀ ਜ਼ਿੰਦਗੀ ਵਿਚ ਦਖ਼ਲ ਨੂੰ ਬਰਦਾਸ਼ਤ ਨਾ ਕਰਦਿਆਂ ਵਿਜੈ ਨੂੰ ਲਤਾੜਕੇ ਦੂਰ ਭਜਾ ਦੇਣਾ, ਇਹੋ ਜਿਹੀਆਂ ਗੱਲਾਂ ਸਨ ਜਿਸਨੇ ਕਿ ਵਿਜੈ ਦੇ ਮਨ ਵਿਚ ਬਾਪੂ ਤੋਂ ਦੂਰੀ ਬਣਾ ਦਿੱਤੀ ਸੀ। ਪਿਤਾ ਬਾਰੇ ਸਮਾਜਿਕ ਤੌਰ 'ਤੇ ਮਿਲਦੀ ਪਰਿਭਾਸ਼ਾ ਵਿਜੈ ਦੇ ਮਨ ਵਿਚੋਂ ਬਿਲਕੁਲ ਬਦਲ ਚੁੱਕੀ ਸੀ। ਉਸ ਲਈ ਬਾਪੂ ਕਿਸੇ ਸਮੇਂ ਇਕ ਮਿਹਨਤੀ ਕਾਮਾ ਜ਼ਰੂਰ ਸੀ ਪਰ ਜੀਵਨ ਦੇ ਤਜਰਬੇ ਨੇ ਉਸ ਅੰਦਰ ਪਿਤਾ ਬਾਰੇ ਇਕ ਵੱਖਰੀ ਪਰਿਭਾਸ਼ਾ ਬਣਾ ਦਿੱਤੀ । ਉਸਦੇ ਮਨ ਵਿਚ ਬਾਪੂ ਦਾ ਕਿਰਦਾਰ ਬਿਲਕੁਲ ਬਦਲ ਚੁੱਕਾ ਸੀ। ਇਕ ਸਧਾਰਣ ਮੱਧਵਰਗੀ ਪਰਿਵਾਰ ਵਿਚ ਜਿੱਥੇ ਇਕ ਪਿਤਾ ਘਰ ਦੀਆਂ ਆਰਥਿਕ ਜ਼ਿੰਮੇਵਾਰੀਆਂ ਨਿਭਾਉਂਦਾ ਹੈ ਉੱਥੇ ਵਿਜੈ ਦੀ ਪੜ੍ਹਾਈ ਆਦਿ ਦਾ ਖਰਚ ਉਸਦਾ ਭਰਾ ਪੂਰਾ ਕਰ ਰਿਹਾ ਹੈ। ਇਸ ਤਰ੍ਹਾਂ ਇਸ ਪਾਤਰ ਦਾ ਪਿਤਾ ਉੱਪਰ ਆਰਥਿਕ ਨਿਰਭਰਤਾ ਦਾ ਨਾਤਾ ਵੀ ਨਹੀਂ ਰਿਹਾ ਸੀ । ਬਾਪੂ ਦੇ ਮਨ ਵਿਚ ਬੀਬੀ ਪ੍ਰਤੀ ਨਫਰਤ ਉਸਨੂੰ ਬਹੁਤ ਚੁਭਦੀ ਸੀ ਪਰ ਉਹ ਬਾਪ ਬੇਟੇ ਦੇ ਸਮਾਜਕ ਰਿਸ਼ਤੇ ਦੀਆਂ ਹੱਦਾਂ ਕਾਰਣ ਕੁਝ ਬੋਲ ਨਹੀਂ ਪਾਇਆ। ਇਥੋਂ ਹੀ ਉਸਦੇ ਮਨ ਅੰਦਰ ਬਾਪੂ ਪ੍ਰਤੀ ਨਫਰਤ ਦੀ ਭਾਵਨਾ ਰੋਹ ਵਿਚ ਬਦਲ ਗਈ। ਉਸਦਾ ਆਪਣੇ ਬਾਪੂ ਨਾਲ ਰਿਸ਼ਤਾ ਪਹਿਲੋਂ ਵੀ ਦੂਰੀ ਦਾ ਸੀ ਤੇ ਉਸਦੇ ਮਨ ਵਿਚ ਬਾਪੂ ਬਾਰੇ ਜੋ ਵੀ ਬਿੰਬ ਬਣੇ ਉਹ ਵੀ ਦੂਰੋਂ ਮਹਿਸੂਸ ਕਰਕੇ ਹੀ ਬਣੇ ਤੇ ਪੱਕੇ ਹੁੰਦੇ ਗਏ। ਇਹੋ ਜਿਹੀ ਸਥਿਤੀ ਵਿਚ ਵਿਜੈ ਆਪਣੇ ਆਪ ਨੂੰ ਬੀਬੀ ਦੇ ਬਹੁਤ ਨੇੜੇ ਮਹਿਸੂਸ ਕਰਦਾ। ਇਥੋਂ ਤਕ ਕਿ ਉਹ ਆਪਣੀ ਮਾਂ ਦੀਆਂ ਅੰਦਰ ਦੱਬੀਆਂ ਤਕਲੀਫਾਂ ਨੂੰ ਵੀ ਮਹਿਸੂਸ ਕਰ ਰਿਹਾ ਸੀ। ਬੀਬੀ ਨੂੰ ਵੀ ਵਿਜੈ ਨਾਲ ਆਪਣੀ ਮਾਨਸਿਕ ਸਾਂਝ ਬਾਰੇ ਕੋਈ ਸ਼ੱਕ ਨਹੀਂ ਸੀ। ਜਿਵੇਂ ਕਿ ਬੀਬੀ ਦੀਆਂ ਇਨ੍ਹਾਂ ਗੱਲਾਂ ਤੋਂ ਪ੍ਰਗਟ ਹੁੰਦਾ ਹੈ:

"ਫਿਰ ਚਾਹ ਬਣਾ ਲਿਆਵਾਂ।"

"ਤੁਹਾਡਾ ਪੀਣ ਨੂੰ ਚਿੱਤ ਕਰਦਾ?"

"ਮੇਰਾ ਚਿੱਤ ਤੇਰੇ ਨਾਲੋਂ ਕਿਤੇ ਵੱਖਰਾ ਥੋੜ੍ਹੈ।"

ਚਿੱਤ ਵੱਖਰਾ ਨਾ ਹੋਣ ਦੀ ਆਪ ਮੁਹਾਰੇ ਕੀਤੀ ਗਈ ਗਲ ਅਸਲ ਵਿਚ ਦੋਹਾਂ ਪਾਤਰ ਦੀ ਸਾਂਝੀ ਮਨੋ ਸਥਿਤੀਆਂ ਦੀ ਗਲ ਵੀ ਹੈ। ਦੋਵੇਂ ਇਕ ਦੂਜੇ ਦੀਆਂ ਸੰਵੇਦਨਾਵਾਂ ਤੇ ਭਾਵਨਾਵਾਂ ਨੂੰ ਅੰਦਰੋਂ ਮਹਿਸੂਸ ਕਰਦੇ ਹਨ। ਬੀਬੀ ਨੇ ਆਪਣੇ ਪਤੀ ਦੀ ਜ਼ਿੰਦਗੀ ਵਿਚ ਆਈ ਦੂਜੀ ਤੀਵੀਂ ਕਾਰਣ ਜੋ ਅਲਿਹਦਗੀ ਦਾ ਜੀਵਨ ਭੋਗਿਆ ਸੀ, ਵਿਜੈ ਉਸਦਾ ਸਿਰਫ ਮੂਕ ਗਵਾਹ ਸੀ ਨਹੀਂ ਸਗੋਂ ਮਨੋਵਿਗਿਆਨਕ ਪੱਧਰ ਉੱਤੇ ਉਸਦਾ ਸਹਿਭਾਗੀ ਵੀ ਸੀ। ਉਸਨੇ ਮਨ ਅੰਦਰ ਉਹ ਸਭ ਮਹਿਸੂਸ ਕੀਤਾ ਅਤੇ ਭੋਗਿਆ ਸੀ ਜੋ ਕੁਝ ਬੀਬੀ ਨਾਲ ਬੀਤਿਆ ਸੀ। ਬੀਬੀ ਕਿਉਂਕਿ ਬਾਪੂ ਨਾਲ ਇਕ ਸਮਾਜਕ ਰਿਸ਼ਤੇ ਵਿਚ ਬੱਝੀ ਹੋਈ ਸੀ ਤੇ ਇਸੇ ਲਈ ਆਪਣੀ ਹੋਣੀ ਨੂੰ ਨਿਭਾ ਰਹੀ ਸੀ। ਪਰ ਵਿਜੈ ਬਾਪੂ ਨਾਲ ਆਪਣੇ ਇਸ ਬਾਪ ਬੇਟੇ ਦੇ ਖੋਖਲੇ ਰਿਸ਼ਤੇ ਦੀ ਅਸਲੀਅਤ ਆਪਣੇ ਕੰਨੀਂ ਸੁਣ ਚੁੱਕਾ ਸੀ। ਜਦੋਂ ਉਹ ਆਪਣੇ ਬਾਪੂ ਇਕ ਵਾਰੀ ਕਹਿੰਦੇ ਸੁਣਦਾ ਹੈ ਕਿ:

"ਜਨਾਨੀ ਸਮਝਦੀਆਂ ਬਈ ਜਦੋਂ ਪੁੱਤ ਬਰੋਬਰ ਦੇ ਹੋ ਜਾਣ ਤਾਂ ਉਨ੍ਹਾਂ ਦੀ ਸਰਦਾਰੀ ਹੋਣੀ ਚਾਹੀਦੀ ਆ, ਕਿਉਂਜੁ ਉਹ ਇਹ ਸਮਝਦੀਆਂ ਬਈ ਪੁੱਤ ਜਦੋਂ ਕਦੀ ਬੋਲੂਗਾ ਆਪਣੀ ਮਾਂ ਦੇ ਪੱਖ ਵਿਚ ਬੋਲੂਗਾ। ਫੇਰ ਤਾਂ ਪੁੱਤ ਸ਼ਰੀਕ ਹੋ ਗਏ ਤੇ ਮੈਂ ਅਜਿਹੇ ਸ਼ਰੀਕਾਂ ਨੂੰ... 'ਤੇ ਵੀ ਨ੍ਹੀ ਮਾਰਦਾ।"

ਆਖ਼ਿਰਕਾਰ ਇਸ ਤਰ੍ਹਾਂ ਇਨ੍ਹਾਂ ਦਾ ਰਿਸ਼ਤਾ ਸਰੀਕਾਂ ਵਾਂਗ ਹੀ ਸਾਬਤ ਹੁੰਦਾ ਹੈ। ਬਾਪ ਬੇਟੇ ਵਿਚਕਾਰ ਦੂਰੀ ਬਹੁਤ ਵੱਧ ਜਾਂਦੀ ਹੈ। ਬੀਬੀ ਵੀ ਇਨ੍ਹਾਂ ਦੇ ਵਿਚਕਾਰ ਢਾਲ ਬਣਦੀ ਕੋਸ਼ਿਸ਼ ਕਰਦੀ ਹੋਈ ਕੰਧ ਵਾਂਗ ਖੜ ਜਾਂਦੀ ਹੈ। ਬਾਪੂ ਦੇ ਸਾਰੇ ਕੰਮ ਉਹ ਖੁਦ ਹੀ ਕਰਦੀ ਹੈ ਤੇ ਵਿਜੈ ਅਤੇ ਕਾਂਤਾ ਨੂੰ ਬਾਪੂ ਦੇ ਕਿਸੇ ਵੀ ਕੰਮ ਤੋਂ ਦੂਰ ਹੀ ਰਖਦੀ ਨਜ਼ਰ ਆਉਂਦੀ ਹੈ।

ਵਿਜੈ ਬਾਪੂ ਦੇ ਅੰਤਮ ਸਮੇਂ ਉਸ ਕੋਲ ਬੈਠਾ ਆਪਣੇ ਪਰਿਵਾਰ ਦੀਆਂ ਸਾਰੀਆਂ ਦੁੱਖ ਤਕਲੀਫਾਂ ਨੂੰ ਯਾਦ ਕਰਦਾ ਹੋਇਆ ਆਪਣੀ ਮਾਂ ਨਾਲ ਜੁੜੀਆਂ ਸੰਵੇਦਨਾਵਾਂ ਨਾਲ ਆਪਣੇ ਆਪ ਨੂੰ ਇੱਕ ਮਿੱਕ ਮਹਿਸੂਸ ਕਰਦਾ ਹੈ। ਆਪਣੇ ਅਤੀਤ ਦਾ ਸਫਰ ਕਰਦਿਆਂ ਉਸਦੇ ਮਨ ਅੰਦਰਲੀ ਨਫਰਤ ਅਤੇ ਰੋਹ ਦੀ ਭਾਵਨਾਂ ਫਿਰ ਜਾਗ ਪੈਂਦੀ ਹੈ। ਇਹੋ ਜਿਹੀ ਮਨੋਦਸ਼ਾਂ ਵਿਚ ਉਸਨੂੰ ਬੀਬੀ ਵਲੋਂ ਬਾਪੂ ਦੀ ਸੇਵਾ ਕਰਨਾ ਓਪਰਾ ਜਾਪਦਾ ਹੈ। ਬੀਬੀ ਵਲੋਂ ਬਾਪੂ ਦੀ ਬਿਮਾਰੀ ਬਾਰੇ ਕਿਸੇ ਖ਼ਬਰ ਨਾ ਕਰਨ ਦੀ ਗਲ ਵੀ ਓਪਰੀ ਜਾਪਦੀ ਹੈ। ਅਤੇ ਅੰਤ ਵਿਚ ਜਦ ਉਹ ਬੀਬੀ ਨੂੰ ਬਾਪੂ ਦੇ ਸਾਹ ਟੋਲਦਿਆਂ ਵੇਖਦਾ

ਹੈ ਤਾਂ ਉਸਨੂੰ ਸੰਦੇਹ ਹੁੰਦਾ ਹੈ ਕਿ ਸ਼ਾਇਦ ਬੀਬੀ ਗੁੱਸੇ ਅਤੇ ਨਫਰਤ ਵਿਚ ਭਰੀ ਬਾਪੂ ਦਾ ਕਤਲ ਕਰ ਰਹੀ ਹੈ। ਹਾਲਾਂਕਿ ਬੀਬੀ ਬਾਪੂ ਦੇ ਸਾਹ ਬੰਦ ਹੋਣ ਦੀ ਤਸਦੀਕ ਕਰਕੇ ਰੋਣ ਲੱਗ ਪੈਂਦੀ ਹੈ ਪਰ ਵਿਜੈ ਫਿਰ ਵੀ ਬਾਪੂ ਦੀ ਗਰਦਨ ਨੂੰ ਗਹੁ ਨਾਲ ਵੇਖਦਾ ਹੈ ਕਿ ਕਿਤੇ ਬੀਬੀ ਨੇ ਉਸਦਾ ਗਲਾ ਤਾਂ ਨਹੀਂ ਦਬਾ ਦਿੱਤਾ। ਕਤਲ ਦੀ ਇਹ ਭਾਵਨਾ ਵਿਜੈ ਦੀ ਮਨੋਸਥਿਤੀ ਦੀ ਹੀ ਉਪਜ ਸੀ। ਉਹ ਬੀਬੀ ਦੇ ਅਵਚੇਤਨ ਨਾਲ ਇਕਮਿਕ ਹੋਈ ਅਤੇ ਆਪਣੇ ਮਨ ਵਿਚ ਵਸੀ, ਇਸ ਨਫਰਤ ਅਤੇ ਰੋਹ ਦੀ ਭਾਵਨਾ ਨੂੰ ਬੀਬੀ ਦੇ ਹੱਥੋਂ ਬਾਪੂ ਦਾ ਗਲਾ ਦਬਾਉਣ ਤਕ, ਪੂਰਾ ਹੁੰਦਿਆਂ ਵੇਖਣਾ ਚਾਹੁੰਦਾ ਸੀ। ਇਥੋਂ ਤਕ ਕਿ ਇਸ ਕੰਮ ਲਈ ਉਸਦੇ ਮਨ ਵਿਚ ਬੀਬੀ ਦੀ ਮਦਦ ਕਰਨ ਦਾ ਵਿਚਾਰ ਵੀ ਉੱਠਿਆ। ਉਹ ਬੇਜਾਨ ਅਤੇ ਬੇਬਸ ਹਾਲਤ ਵਿਚ ਮੌਤ ਕੰਢੇ ਪਏ ਬਾਪੂ ਨੂੰ ਆਪਣੀ ਮੌਤ ਮਰਦਿਆਂ ਨਹੀਂ ਵੇਖਣਾ ਚਾਹੁੰਦਾ ਸੀ। ਉਸਦੇ ਮਨ ਅੰਦਰਲੀ ਨਫਰਤ ਦੀ ਭਾਵਨਾ ਉਸਨੂੰ ਸਰੀਕਾਂ ਵਾਲਾ ਬਦਲਾ ਲੈਣ ਲਈ ਪ੍ਰੇਰਿਤ ਕਰ ਰਹੀ ਸੀ। ਉਹ ਆਪਣੇ ਬਾਪੂ ਨੂੰ ਮਰਦਿਆਂ ਹੋਇਆਂ ਨਹੀਂ ਸਗੋਂ ਕਤਲ ਹੁੰਦਿਆਂ ਵੇਖਣਾ ਚਾਹੁੰਦਾ ਸੀ।

ਇਸ ਤਰ੍ਹਾਂ ਇਹ ਕਹਾਣੀ ਜਿੰਦਰ ਨੂੰ ਸਮਕਾਲੀ ਕਹਾਣੀਕਾਰਾਂ ਦੀ ਕਤਾਰ ਵਿਚੋਂ ਮੂਹਰੇ ਲਿਆ ਖਲੋਂਦੀ ਹੈ। ਕਿਉਂਕਿ ਇਸ ਕਹਾਣੀ ਵਿਚ ਮਾਂ, ਬਾਪ ਅਤੇ ਬੇਟੇ ਦੇ ਸਮਾਜਕ ਰਿਸ਼ਤੇ ਨੂੰ ਮਨੋਵਿਗਿਆਨਕ ਪੱਖੋਂ ਨਵੇਂ ਆਯਾਮ ਵਿਚ ਲੈ ਜਾਕੇ ਘੋਖਣ ਦਾ ਜਤਨ ਕੀਤਾ ਗਿਆ ਹੈ ਜੋ ਕਿ ਪੰਜਾਬੀ ਕਹਾਣੀ ਵਿਚ ਬਿਲਕੁਲ ਨਵੇਕਲਾ ਉੱਦਮ ਹੈ।

--------------------------